## ਸੀ ਸੀ ਆਰ ਸੀ ਕੀ ਹੈ?

ਕਰਿਮੀਨਲ ਕੇਸਿਸ ਰਿਵਿਊ ਕਮਿਸ਼ਨ ਨੂੰ ਆਮ ਕਰਕੇ ਸੀ ਸੀ ਆਰ ਸੀ ਕਿਹਾ ਜਾਂਦਾ ਹੈ। ਇਸ ਦੀ ਸਥਾਪਨਾ ਮੁਜਰਮਾਨਾ ਕੇਸਾਂ ਉੱਤੇ ਮੁੜ ਵਿਚਾਰ ਕਰਨ ਲਈ ਕੀਤੀ ਗਈ ਹੈ। ਇਹ ਉਨ੍ਹਾਂ ਕੇਸਾਂ ਨੂੰ ਦੇਖਦਾ ਹੈ ਜਿਨ੍ਹਾਂ ਬਾਰੇ ਲੋਕ ਸਮਝਦੇ ਹੋਣ ਕਿ ਉਨ੍ਹਾਂ ਨੇ ਉਹ ਜੁਰਮ ਨਹੀਂ ਕੀਤਾ ਜਿਸ ਬਾਰੇ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਜਾਂ ਸਜ਼ਾ ਦਿੱਤੀ ਗਈ ਹੈ। ਇਹ ਉਨ੍ਹਾਂ ਕੇਸਾਂ ਉੱਤੇ ਵਿਚਾਰ ਕਰਦਾ ਹੈ ਜਿਨ੍ਹਾਂ ਬਾਰੇ ਕੀਤੀ ਗਈ ਅਪੀਲ ਪਹਿਲਾਂ ਹੀ ਫ਼ੇਲ ਹੋ ਚੁੱਕੀ ਹੋਵੇ।

ਜੇ ਕਰ ਸੀ ਸੀ ਆਰ ਸੀ ਸਮਝਦਾ ਹੈ ਕਿ ਕਿਸੇ ਕੇਸ ਦੇ ਦੋਸ਼ ਵਿੱਚ ਜਾਂ ਦਿੱਤੀ ਗਈ ਸਜ਼ਾ ਵਿੱਚ ਕੁੱਝ ਗ਼ਲਤ ਹੋਇਆ ਹੈ, ਤਾਂ ਅਸੀਂ ਉਸ ਕੇਸ ਨੂੰ ਵਾਪਸ ਅਪੀਲ ਕੋਰਟ ਵਿੱਚ ਭੇਜ ਸਕਦੇ ਹਾਂ। ਕਿਸੇ ਕੇਸ ਨੂੰ ਅਦਾਲਤ ਵਿੱਚ ਮੁੜ ਕੇ ਤਾਜ਼ੀ ਅਪੀਲ ਲਈ ਭੇਜਣ ਲਈ, ਸਾਡੇ ਵਾਸਤੇ ਜ਼ਰੂਰੀ ਹੁੰਦਾ ਹੈ ਕਿ ਉਸ ਕੇਸ ਵਿੱਚ ਸਾਨੂੰ ਕੋਈ ਨਵੀਂ ਅਤੇ ਮਹੱਤਵਪੂਰਨ ਚੀਜ਼ ਲੱਭੇ ਜਿਸ ਬਾਰੇ ਮਜ਼ਬੂਤ ਸਬੂਤ ਮਿਲਣ ਜਾਂ ਜਿਸ ਬਾਰੇ ਐਸੀ ਬਹਿਸ ਕੀਤੀ ਜਾ ਸਕੇ ਜਿਸ ਨਾਲ ਕੇਸ ਹੁਣ ਵੱਖਰੇ ਤਰੀਕੇ ਨਾਲ ਦੇਖਿਆ ਜਾ ਸਕੇ। ਅਜਿਹਾ ਕਰਨਾ ਕਾਫ਼ੀ ਮੁਸ਼ਕਲ ਹੋ ਸਕਦਾ ਹੈ ਅਤੇ ਬਹੁਤੇ ਕੇਸ ਮੁੜ ਕੇ ਅਪੀਲ ਵਾਸਤੇ ਨਹੀਂ ਭੇਜੇ ਜਾ ਸਕਦੇ।

ਸੀ ਸੀ ਆਰ ਸੀ ਇੱਕ ਬਿਲਕੁਲ ਅਜ਼ਾਦ ਸੰਸਥਾ ਹੈ। ਅਸੀਂ ਅਦਾਲਤਾਂ, ਪੁਲੀਸ ਜਾਂ ਕਾਨੂੰਨੀ ਮਹਿਕਮੇ ਵਾਸਤੇ ਕੰਮ ਨਹੀਂ ਕਰਦੇ। ਅਸੀਂ ਉਨ੍ਹਾਂ ਲੋਕਾਂ ਵਾਸਤੇ ਵੀ ਕੰਮ ਨਹੀਂ ਕਰਦੇ ਜਿਹੜੇ ਆਪਣੇ ਕੇਸ ਸਾਡੇ ਪਾਸ ਮੁੜ ਵਿਚਾਰਨ ਵਾਸਤੇ ਭੇਜਦੇ ਹਨ। ਅਸੀਂ ਸਾਰੀਆਂ ਧਿਰਾਂ ਤੋਂ ਅਜ਼ਾਦ ਰਹਿੰਦੇ ਹਾਂ ਤਾਂ ਕਿ ਅਸੀਂ ਹਰ ਕੇਸ ਦੀ ਨਿਰਪੱਖ ਤਰੀਕੇ ਨਾਲ ਛਾਣਬੀਣ ਕਰ ਸਕੀਏ ਕਿ ਕਿਤੇ ਕਿਸੇ ਨਾਲ ਅਨਿਆਂ ਤਾਂ ਨਹੀਂ ਹੋਇਆ। ਅਸੀਂ ਅਜਿਹੇ ਕੇਸਾਂ ਨੂੰ ਅਪੀਲ ਕੋਰਟ ਵਿੱਚ ਭੇਜ ਸਕਦੇ ਹਾਂ ਜਿਨ੍ਹਾਂ ਵਿੱਚ ਕੋਈ ਵੱਡਾ ਸਬੂਤ ਸਾਹਮਣੇ ਆਵੇ ਜਾਂ ਅਜਿਹਾ ਜ਼ਰੂਰੀ ਮਸਲਾ ਸਾਹਮਣੇ ਆਵੇ ਜਿਸ ਦਾ ਅਸਰ ਮੁਜਰਮ ਉੱਤੇ ਲੱਗੇ ਦੋਸ਼ ਅਤੇ ਦਿੱਤੀ ਗਈ ਸਜ਼ਾ ਉੱਤੇ ਪੈ ਸਕਦਾ ਹੋਵੇ।

ਸੀ ਸੀ ਆਰ ਸੀ ਦੇ ਮੁੱਖ ਉਦੇਸ਼ਾਂ ਵਿੱਚ ਬਰਾਬਰਤਾ ਨੂੰ ਮੁੱਖ ਰੱਖਿਆ ਜਾਂਦਾ ਹੈ। ਇਹ ਹਰ ਕੋਸ਼ਿਸ਼ ਕਰਦਾ ਹੈ ਕਿ ਆਪਣੀਆਂ ਸੇਵਾਵਾਂ ਵਿੱਚ ਪੱਖਪਾਤ ਨੂੰ ਬਾਹਰ ਰੱਖੇ। ਇਹ ਅਜਿਹਾ ਮਹੌਲ ਪੈਦਾ ਕਰਨ ਲਈ ਵਚਨਬੱਧ ਹੈ ਜਿਸ ਰਾਹੀਂ ਆਪਣੇ ਸਟਾਫ਼ ਨੂੰ ਬਰਾਬਰਤਾ ਦੇ ਮੌਕੇ ਦਿੱਤੇ ਜਾਣ। ਸੀ ਸੀ ਆਰ ਸੀ ਆਪਣੇ ਸਟਾਫ਼ ਨੂੰ ਬਰਾਬਰਤਾ ਦੇ ਮਸਲਿਆਂ ਬਾਰੇ ਟਰੇਨਿੰਗ ਦੇਣ ਦੇ ਲਗਾਤਾਰ ਮੌਕੇ ਦਿੰਦਾ ਰਹਿੰਦਾ ਹੈ।

## ਸੀ ਸੀ ਆਰ ਸੀ ਕੀ ਕੰਮ ਕਰਦਾ ਹੈ?

ਅਸੀਂ ਕੁੱਝ ਖ਼ਾਸ ਅਦਾਲਤਾਂ ਵਲੋਂ ਜੁਰਮਾਂ ਸਬੰਧੀ ਲਾਏ ਗਏ ਦੋਸ਼ਾਂ ਅਤੇ ਦਿੱਤੀਆਂ ਗਈਆਂ ਸਜ਼ਾਵਾਂ ਦੀ ਛਾਣਬੀਣ ਕਰ ਸਕਦੇ ਹਾਂ। ਇਨ੍ਹਾਂ ਅਦਾਲਤਾਂ ਵਿੱਚ ਮੈਜਿਸਟ੍ਰੇਟ ਕੋਰਟ, ਕਰਾਊਨ ਕੋਰਟ, ਯੂਥ ਕੋਰਟ, ਕੋਰਟ ਮਾਰਸ਼ਲ ਜਾਂ ਸਰਵਿਸ ਸਿਵਿਲੀਅਨ ਕੋਰਟਾਂ ਸ਼ਾਮਲ ਹਨ।

ਕੇਵਲ ਅਪੀਲ ਕੋਰਟਾਂ ਹੀ ਕਿਸੇ ਦੋਸ਼ ਜਾਂ ਸਜ਼ਾ ਨੂੰ ਉਲਟਾ ਸਕਦੀਆਂ ਹਨ। ਸੀ ਸੀ ਆਰ ਸੀ ਦਾ ਕੰਮ ਕੇਸਾਂ ਦੀ ਛਾਣਬੀਣ ਕਰਨਾ ਅਤੇ ਉਨ੍ਹਾਂ ਨੂੰ ਵਾਪਸ ਅਪੀਲ ਕੋਰਟਾਂ ਵਿੱਚ ਭੇਜਣਾ ਹੁੰਦਾ ਹੈ। ਅਸੀਂ ਇਹ ਉਦੋਂ ਹੀ ਕਰਦੇ ਹਾਂ ਜਦੋਂ ਸਾਨੂੰ ਲੱਗੇ ਕਿ ਇਸ ਪਿੱਛੇ ਕੋਈ ਪੁਖਤਾ ਕਾਰਨ ਹਨ। ਜੇ ਅਸੀਂ ਕੋਈ ਕੇਸ ਅਪੀਲ ਲਈ ਭੇਜਦੇ ਹਾਂ ਤਾਂ ਅਦਾਲਤ ਵਾਸਤੇ ਲਾਜ਼ਮੀ ਹੈ ਕਿ ਉਹ ਅਪੀਲ ਨੂੰ ਸੁਣੇ। ਜਦੋਂ ਅਸੀਂ ਕੋਈ ਕੇਸ ਅਪੀਲ ਵਾਸਤੇ ਭੇਜਦੇ ਹਾਂ, ਤਾਂ ਭਾਵੇਂ ਅਦਾਲਤ ਉਸ ਅਪੀਲ ਨੂੰ ਖ਼ਾਰਜ ਕਰ ਦੇਵੇ, ਪਰ ਉਹ ਉਸ ਕੇਸ ਬਾਰੇ ਪਹਿਲਾਂ ਦਿੱਤੀ ਸਜ਼ਾ ਵਿੱਚ ਵਾਧਾ ਨਹੀਂ ਕਰ ਸਕਦੀ।

ਸਾਨੂੰ ਆਪਣੇ ਕੇਸਾਂ ਦੀ ਛਾਣਬੀਣ ਕਰਨ ਲਈ ਖ਼ਾਸ ਕਾਨੂੰਨੀ ਤਾਕਤਾਂ ਦਿੱਤੀਆਂ ਗਈਆਂ ਹਨ। ਅਸੀਂ ਇਨ੍ਹਾਂ ਤਾਕਤਾਂ ਨੂੰ ਵਰਤ ਕੇ ਇੰਗਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਦੀਆਂ ਪਬਲਿਕ ਅਤੇ ਪ੍ਰਾਈਵੇਟ ਸੰਸਥਾਵਾਂ ਤੋਂ ਉਸ ਕੇਸ ਬਾਰੇ ਲੋੜੀਂਦੇ ਦਸਤਾਵੇਜ਼ ਹਾਸਲ ਕਰ ਸਕਦੇ ਹਾਂ। ਇਨ੍ਹਾਂ ਵਿੱਚ ਕੇਸ ਬਾਰੇ ਪੁਲੀਸ, ਇਸਤਗਾਸਾ ਅਤੇ ਅਦਾਲਤਾਂ ਪਾਸ ਰੱਖੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਅਸੀਂ ਸਬੂਤਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ, ਕੇਸਾਂ ਬਾਰੇ ਨਵੇਂ ਕਾਨੂੰਨਾਂ ਨੂੰ ਪੜ੍ਹ ਸਕਦੇ ਹਾਂ ਅਤੇ ਮਾਹਿਰ ਸਾਇੰਸਦਾਨਾਂ ਨੂੰ ਹਿਦਾਇਤਾਂ ਦੇ ਸਕਦੇ ਹਾਂ। ਅਸੀਂ ਪੁਰਾਣੇ ਅਤੇ ਨਵੇਂ ਗਵਾਹਾਂ ਦੀ ਭਾਲ ਅਤੇ ਉਨ੍ਹਾਂ ਨਾਲ ਇੰਟਰਵਿਊ ਵੀ ਕਰ ਸਕਦੇ ਹਾਂ।

ਅਸੀਂ ਆਜ਼ਾਦ ਸੰਸਥਾ ਹਾਂ। ਸੀ ਸੀ ਆਰ ਸੀ ਆਪਣੀ ਮਰਜ਼ੀ ਨਾਲ ਫ਼ੈਸਲਾ ਕਰ ਸਕਦਾ ਹੈ ਕਿ ਉਸ ਨੂੰ ਕਿਹੜੇ ਦਸਤਾਵੇਜ਼ ਚਾਹੀਦੇ ਹਨ ਅਤੇ ਕਿਸ ਤਰ੍ਹਾਂ ਦੀ ਛਾਣਬੀਣ ਕਰਨੀ ਹੈ।

ਅਸੀਂ ਪੁਰਾਣੇ ਕੇਸ ਦੇਖ ਸਕਦੇ ਹਾਂ। ਸੀ ਸੀ ਆਰ ਸੀ ਨੂੰ ਦਿੱਤੀ ਗਈ ਅਰਜ਼ੀ ਉੱਤੇ ਸਮੇਂ ਦੀ ਕੋਈ ਪਾਬੰਦੀ ਨਹੀਂ ਹੁੰਦੀ। ਬਹੁਤੇ ਪੁਰਾਣੇ ਕੇਸਾਂ ਬਾਰੇ ਹੋਰ ਵੀ ਮੁਸ਼ਕਲ ਹੋ ਸਕਦਾ ਹੈ ਕਿਉਂਕਿ ਉਨ੍ਹਾਂ ਬਾਰੇ ਸਬੂਤ ਅਤੇ ਦਸਤਾਵੇਜ਼ ਸ਼ਾਇਦ ਪਹਿਲਾਂ ਹੀ ਨਸ਼ਟ ਕੀਤੇ ਜਾ ਚੁੱਕੇ ਹੋਣ।

ਜੇ ਤੁਹਾਡੇ ਕੋਲ ਆਪਣਾ ਵਕੀਲ ਨਾ ਵੀ ਹੋਵੇ ਤਾਂ ਵੀ ਅਸੀਂ ਤੁਹਾਡਾ ਕੇਸ ਦੇਖ ਸਕਦੇ ਹਾਂ। ਸਾਡੇ ਕੋਲ ਆਪਣਾ ਕੇਸ ਭੇਜਣ ਲਈ ਤੁਹਾਨੂੰ ਕਿਸੇ ਵਕੀਲ ਦੀ ਲੋੜ ਨਹੀਂ, ਪਰ ਤੁਹਾਡਾ ਵਕੀਲ ਹੋਣ ਨਾਲ ਤੁਹਾਡੀ ਮੱਦਦ ਹੋ ਸਕਦੀ ਹੈ।

ਅਸੀਂ ਕੇਸ ਨੂੰ ਰੋਕਣ ਦੇ ਹੁਕਮਾਂ ਉੱਤੇ ਵਿਚਾਰ ਨਹੀਂ ਕਰ ਸਕਦੇ। ਅਸੀਂ ਕੇਵਲ ਤੁਹਾਡੇ ਉੱਤੇ ਲੱਗੇ ਜੁਰਮ ਜਾਂ ਸਜ਼ਾ ਬਾਰੇ ਹੀ ਵਿਚਾਰ ਕਰ ਸਕਦੇ ਹਾਂ।

ਅਸੀਂ ਦੀਵਾਨੀ ਜਾਂ ਪ੍ਰਵਾਸ ਦੇ ਮਸਲਿਆਂ ਬਾਰੇ ਕੇਸ ਨਹੀਂ ਦੇਖ ਸਕਦੇ।

**ਸੀ ਸੀ ਆਰ ਸੀ ਕੋਲ ਆਪਣੀ ਅਰਜ਼ੀ ਕੌਣ ਭੇਜ ਸਕਦਾ ਹੈ?**

ਕੋਈ ਵੀ ਇਨਸਾਨ ਜਿਸ ਨੂੰ ਇਹ ਮਹਿਸੂਸ ਹੋਵੇ ਕਿ ਉਸ ਉੱਤੇ ਗ਼ਲਤ ਇਲਜ਼ਾਮ ਲੱਗਾ ਹੈ ਜਾਂ ਉਸ ਨੂੰ ਗ਼ਲਤ ਸਜ਼ਾ ਹੋਈ ਹੈ, ਉਹ ਸਾਡੇ ਕੋਲ ਆਪਣਾ ਕੇਸ ਭੇਜ ਸਕਦਾ ਹੈ। ਤੁਹਾਨੂੰ ਇੰਗਲੈਂਡ, ਵੇਲਜ਼ ਜਾਂ ਉੱਤਰੀ ਆਇਰਲੈਂਡ ਦੀ ਅਦਾਲਤ ਵਲੋਂ ਸਜ਼ਾ ਦਿੱਤੀ ਹੋਈ ਹੋਣੀ ਚਾਹੀਦੀ ਹੈ। ਤੁਸੀਂ ਸਾਨੂੰ ਆਪਣੇ ਉੱਤੇ ਲੱਗੇ ਇਲਜ਼ਾਮ ਜਾਂ ਹੋਈ ਸਜ਼ਾ, ਜਾਂ ਦੋਨਾਂ ਬਾਰੇ ਹੀ ਵਿਚਾਰ ਕਰਨ ਲਈ ਕਹਿ ਸਕਦੇ ਹੋ। ਸਾਡੇ ਕੋਲ ਆਪਣੀ ਅਰਜ਼ੀ ਭੇਜਣ ਉੱਤੇ ਤੁਹਾਡਾ ਕੋਈ ਖ਼ਰਚ ਨਹੀਂ ਆਉਂਦਾ।

**ਮੈਂ ਸੀ ਸੀ ਆਰ ਸੀ ਪਾਸ ਆਪਣਾ ਕੇਸ ਕਦੋਂ ਭੇਜ ਸਕਦਾ/ਦੀ ਹਾਂ?**

ਤੁਹਾਨੂੰ ਆਪਣਾ ਕੇਸ ਸਾਡੇ ਕੋਲ ਉਦੋਂ ਭੇਜਣਾ ਚਾਹੀਦਾ ਹੈ ਜਦੋਂ ਤੁਸੀਂ ਅਪੀਲ ਕਰਨ ਦਾ ਆਮ ਅਦਾਲਤੀ ਤਰੀਕਾ ਪਹਿਲਾਂ ਹੀ ਵਰਤ ਕੇ ਦੇਖ ਚੁੱਕੇ ਹੋਵੋਂ।

ਭਾਵੇਂ ਤੁਹਾਡੀ ਅਪੀਲ ਕਰਨ ਦੀ ਆਖ਼ਰੀ ਤਰੀਕ ਲੰਘ ਵੀ ਗਈ ਹੋਵੇ, ਤੁਸੀਂ ਫੇਰ ਵੀ ਅਪੀਲ ਦੀ ਅਰਜ਼ੀ ਦੇ ਸਕਦੇ ਹੋ। ਜੇ ਤੁਹਾਡੀ ਅਪੀਲ ਰੱਦ ਹੋ ਗਈ ਹੋਵੇ, ਪਰ ਤੁਸੀਂ ਫੇਰ ਵੀ ਸਮਝਦੇ ਹੋਵੋਂ ਕਿ ਤੁਹਾਡੇ ਉੱਤੇ ਲੱਗਿਆ ਦੋਸ਼ ਜਾਂ ਮਿਲੀ ਸਜ਼ਾ ਗ਼ਲਤ ਹੈ, ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਸੀ ਸੀ ਆਰ ਸੀ ਨੂੰ ਆਪਣਾ ਕੇਸ ਮੁੜ ਵਿਚਾਰਨ ਲਈ ਭੇਜੋਂ।

**ਜੇ ਕਰ ਮੈਂ ਪਹਿਲਾਂ ਅਪੀਲ ਨਾ ਕੀਤੀ ਹੋਵੇ ਤਾਂ ਫੇਰ ਕੀ ਹੋਵੇਗਾ?**

ਜੇ ਤੁਸੀਂ ਆਮ ਤਰੀਕੇ ਨਾਲ ਅਦਾਲਤ ਵਿੱਚ ਆਪਣੀ ਅਪੀਲ ਨਾ ਕੀਤੀ ਹੋਵੇ, ਤਾਂ ਸੀ ਸੀ ਆਰ ਸੀ ਆਮ ਕਰਕੇ ਤੁਹਾਨੂੰ ਲਿਖੇਗਾ ਕਿ ਤੁਸੀਂ ਆਮ ਅਦਾਲਤ ਵਿੱਚ ਆਪਣੀ ਅਪੀਲ ਦਾਖ਼ਲ ਕਰਨ ਦੀ ਕੋਸ਼ਿਸ਼ ਕਰੋ। ਸੀ ਸੀ ਆਰ ਸੀ ਬਹੁਤ ਘੱਟ ਇਹੋ ਜਿਹੇ ਕੇਸਾਂ ਨੂੰ ਲੈਂਦੀ ਹੈ ਜਿਹੜੇ ਆਮ ਅਦਾਲਤ ਵਿੱਚ ਆਪਣੀ ਅਪੀਲ ਦਾਇਰ ਕਰਨ ਤੋਂ ਬਿਨਾ ਹੀ ਸਾਡੇ ਪਾਸ ਆ ਜਾਂਦੇ ਹਨ। ਅਸੀਂ ਆਮ ਅਪੀਲ ਕਰਨ ਤੋਂ ਬਿਨਾ ਜੇ ਕੋਈ ਬਹੁਤ ਹੀ ਖ਼ਾਸ ਕਾਰਨ ਹੋਣ, ਤਾਂ ਹੀ ਕੇਸਾਂ ਉੱਤੇ ਵਿਚਾਰ ਕਰ ਸਕਦੇ ਹਾਂ। ਅਸੀਂ ਇਨ੍ਹਾਂ ਨੂੰ "ਖ਼ਾਸ ਹਾਲਾਤਾਂ" ਅੰਦਰ ਗਿਣਦੇ ਹਾਂ।

ਅਪੀਲ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਲੈਣ ਲਈ ਤੁਸੀਂ ਕਰਿਮੀਨਲ ਅਪੀਲ ਔਫ਼ਿਸ ਨੂੰ 020 7947 6011 'ਤੇ ਫ਼ੋਨ ਕਰ ਸਕਦੇ ਹੋ।

**"ਖ਼ਾਸ ਹਾਲਾਤ" ਕਿਹੜੇ ਹੁੰਦੇ ਹਨ?**

ਅਜਿਹੇ ਖ਼ਾਸ ਹਾਲਾਤ ਬਹੁਤ ਘੱਟ ਹੁੰਦੇ ਹਨ। ਅਜਿਹਾ ਕੋਈ ਖ਼ਾਸ ਕਾਰਨ ਹੀ ਹੋਣਾ ਚਾਹੀਦਾ ਹੈ ਜਿਸ ਕਰਕੇ ਤੁਸੀਂ ਅਪੀਲ ਨਾ ਕੀਤੀ ਹੋਵੇ। ਇਸ ਤੋਂ ਇਲਾਵਾ ਇਹ ਵੀ ਖ਼ਾਸ ਕਾਰਨ ਹੋਣਾ ਚਾਹੀਦਾ ਹੈ ਕਿ ਸੀ ਸੀ ਆਰ ਸੀ ਦੀ ਮੱਦਦ ਤੋਂ ਬਿਨਾ ਤੁਸੀਂ ਆਮ ਅਪੀਲ ਕਿਉਂ ਨਹੀਂ ਕਰ ਸਕਦੇ। ਖ਼ਾਸ ਹਾਲਾਤ ਆਪਣੇ ਆਪ ਹੀ ਨਹੀਂ ਪੈਦਾ ਹੋ ਜਾਂਦੇ। ਅਸੀਂ ਹਰ ਕੇਸ ਦੇ ਤੱਥਾਂ ਦੇ ਆਧਾਰ 'ਤੇ ਹੀ ਫ਼ੈਸਲਾ ਕਰ ਸਕਦੇ ਹਾਂ ਕਿ ਜੇਕਰ ਤੁਹਾਡੇ ਕੇਸ ਦੇ ਖ਼ਾਸ ਹਾਲਾਤ ਹਨ ਜਾਂ ਨਹੀਂ।

**ਕਿਹੜੇ ਹਾਲਾਤ 'ਖ਼ਾਸ ਹਾਲਾਤ' ਨਹੀਂ ਹੁੰਦੇ?**

ਇੱਥੇ ਕੁੱਝ ਉਦਾਹਰਣਾਂ ਦਿੱਤੀਆਂ ਗਈਆਂ ਹਨ ਜਿਹੜੀਆਂ ਖ਼ਾਸ ਹਾਲਾਤਾਂ ਵਿੱਚ ਨਹੀਂ ਗਿਣੀਆਂ ਜਾਂਦੀਆਂ:

ਤੁਹਾਨੂੰ ਅਪੀਲ ਕਰਨਾ ਯਾਦ ਨਹੀਂ ਰਿਹਾ, ਜਾਂ ਅਪੀਲ ਕਰਨ ਦੀ ਆਖ਼ਰੀ ਤਰੀਕ ਨਿਕਲ ਗਈ ਹੈ। ਅਜਿਹੀ ਹਾਲਤ ਵਿੱਚ ਤੁਸੀਂ ਫੇਰ ਵੀ ਅਦਾਲਤ ਨੂੰ ਅਪੀਲ ਕਰਨ ਲਈ ਬੇਨਤੀ ਕਰ ਸਕਦੇ ਹੋ। ਇਸ ਹਾਲਤ ਨੂੰ "ਸਮੇਂ ਤੋਂ ਬਾਹਰ ਅਪੀਲ ਕਰਨਾ" ਕਿਹਾ ਜਾਂਦਾ ਹੈ।

ਤੁਹਾਡੇ ਵਕੀਲ ਜਾਂ ਬੈਰਿਸਟਰ ਨੇ ਤੁਹਾਨੂੰ ਸਲਾਹ ਦਿੱਤੀ ਹੋਵੇ ਕਿ ਤੁਹਾਨੂੰ ਅਪੀਲ ਕਰਨ ਦਾ ਕੋਈ ਫ਼ਾਇਦਾ ਨਹੀਂ। ਅਜਿਹੀ ਹਾਲਤ ਤੁਹਾਨੂੰ ਫੇਰ ਵੀ ਅਪੀਲ ਕਰਨ ਤੋਂ ਨਹੀਂ ਰੋਕ ਸਕਦੀ।

ਤੁਸੀਂ ਅਪੀਲ ਕਰਨ ਲਈ ਕੋਈ ਵਕੀਲ ਜਾਂ ਬੈਰਿਸਟਰ ਨਹੀਂ ਲੈ ਸਕੇ। ਤੁਸੀਂ ਕਾਨੂੰਨੀ ਮੱਦਦ ਤੋਂ ਬਿਨਾ ਵੀ ਅਪੀਲ ਕਰ ਸਕਦੇ ਹੋ।

**ਆਮ ਅਦਾਲਤ ਵਿੱਚ ਅਪੀਲ ਕਰਨ ਬਾਰੇ ਮੈਂ ਕਿੱਥੋਂ ਪਤਾ ਕਰ ਸਕਦਾ/ਦੀ ਹਾਂ?**

ਜੇ ਤੁਹਾਨੂੰ ਕਰਾਊਨ ਕੋਰਟ ਵਲੋਂ ਮੁਜਰਮ ਕਰਾਰ ਦੇਕੇ ਸਜ਼ਾ ਸੁਣਾਈ ਗਈ ਹੋਵੇ ਤਾਂ ਤੁਹਾਨੂੰ ਉੱਥੋਂ ਮਿਲਣ ਵਾਲੇ ਇੱਕ ਕਿਤਾਬਚੇ ਤੋਂ ਸਾਰੀ ਜਾਣਕਾਰੀ ਮਿਲ ਸਕਦੀ ਹੈ, ਜਿਸ ਦਾ ਨਾਂ ਹੈ, 'ਅਪੀਲਿੰਗ ਏ ਕਨਵਿਕਸ਼ਨ ਔਰ ਸੈਂਟੈਂਸ ਟੂ ਦ ਕੋਰਟ ਔਫ਼ ਅਪੀਲ-ਹੈਲਪ ਫ਼ੌਰ ਐਪਲੀਕੈਂਟਸ'। ਤੁਹਾਡੀ ਜੇਲ੍ਹ ਦੀ ਲਾਇਬਰੇਰੀ ਵਿੱਚ ਵੀ ਇਸ ਦੀ ਕਾਪੀ ਮਿਲ ਸਕਦੀ ਹੈ। ਇਸ ਤੋਂ ਇਲਾਵਾ ਇੰਟਰਨੈੱਟ ਤੋਂ ਵੀ ਤੁਸੀਂ ਇਹ ਕਿਤਾਬਚਾ ਅਤੇ ਅਰਜ਼ੀ ਦੇਣ ਲਈ ਫ਼ੌਰਮ ਲੈ ਸਕਦੇ ਹੋ। ਇਸ ਵੈੱਬਸਾਈਟ ਉੱਤੇ ਜਾਓ: https://www.gov.uk/appeal-against-crown-court-verdict

ਤੁਸੀਂ ਕਰਿਮੀਨਲ ਅਪੀਲਜ਼ ਔਫ਼ਿਸ ਤੋਂ ਵੀ 020 7947 6011 ਉੱਤੇ ਫ਼ੋਨ ਕਰਕੇ ਇਸ ਕਿਤਾਬਚੇ ਦੀ ਕਾਪੀ ਅਤੇ ਫ਼ੌਰਮ ਮੰਗਵਾ ਸਕਦੇ ਹੋ।

**ਜਸਟਿਸ** ਨਾਂ ਦੀ ਇੱਕ ਚੈਰਿਟੀ ਕੋਲ ਵੀ ਇੱਕ 'ਹਾਓ ਟੂ ਅਪੀਲ' ਕਿਤਾਬਚਾ ਹੁੰਦਾ ਹੈ। ਇਹ ਕਰਾਊਨ ਕੋਰਟ ਕੇਸਾਂ ਦਾ ਨਿਪਟਾਰਾ ਕਰਦੀ ਹੈ। ਤੁਸੀਂ ਇਸ ਬਾਰੇ ਇੱਥੋਂ ਪਤਾ ਕਰ ਸਕਦੇ ਹੋ: https://justice.org.uk/ourwork/publications/how-to-appeal.

ਮੈਜਿਸਟ੍ਰੇਟ ਕੋਰਟ ਦੇ ਕੇਸਾਂ ਬਾਰੇ ਅਪੀਲਾਂ ਕਰਨ ਲਈ ਤੁਸੀਂ ਇੱਥੋਂ ਪਤਾ ਕਰ ਸਕਦੇ ਹੋ: www.gov.uk/appeal-against-sentence-conviction

**ਮੈ ਸੀ ਸੀ ਆਰ ਸੀ ਨੂੰ ਅਰਜ਼ੀ ਕਿਵੇਂ ਦੇਵਾਂ?**

ਜੇ ਤੁਹਾਡੀ ਪਹਿਲੀ ਅਪੀਲ ਖ਼ਾਰਜ ਹੋ ਗਈ ਹੋਵੇ ਅਤੇ ਹੁਣ ਤੁਸੀਂ ਸੀ ਸੀ ਆਰ ਸੀ ਕੋਲ ਆਪਣਾ ਕੇਸ ਭੇਜਣਾ ਚਾਹੋਂ ਤਾਂ ਤੁਹਾਨੂੰ ਸੀ ਸੀ ਆਰ ਸੀ ਦੇ ਫ਼ੌਰਮਾਂ ਉੱਤੇ ਲਿਖਤੀ ਰੂਪ ਵਿੱਚ ਆਪਣੀ ਅਰਜ਼ੀ ਭੇਜਣੀ ਚਾਹੀਦੀ ਹੈ।

ਸਾਡਾ ਅਰਜ਼ੀ ਫ਼ੌਰਮ ਬਹੁਤਾ ਮੁਸ਼ਕਲ ਨਹੀਂ ਹੁੰਦਾ ਅਤੇ ਅਸੀਂ ਇਸ ਨੂੰ ਵੱਧ ਤੋਂ ਵੱਧ ਸੌਖਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਤੁਸੀਂ ਇਸ ਤਰ੍ਹਾਂ ਅਰਜ਼ੀ ਦੇ ਸਕਦੇ ਹੋ:

- ਅਰਜ਼ੀ ਫ਼ੌਰਮ ਨੂੰ ਭਰ ਕੇ
- ਸਾਡੀ ਵੈੱਬਸਾਈਟ ਤੋਂ ਪੀ ਡੀ ਐਫ ਬਣਤਰ ਵਿੱਚ ਅਰਜ਼ੀ ਫ਼ੌਰਮ ਪਰਿੰਟ ਕਰਕੇ
- ਔਨ ਲਾਈਨ ਅਰਜ਼ੀ ਫ਼ੌਰਮ ਭਰ ਕੇ

ਜੇ ਤੁਸੀਂ ਸਾਡੇ ਨਾਲ ਸੰਪਰਕ ਕਰੋਂ ਤਾਂ ਅਸੀਂ ਤੁਹਾਨੂੰ ਡਾਕ ਰਾਹੀਂ ਵੀ ਫ਼ੌਰਮ ਭੇਜ ਸਕਦੇ ਹਾਂ। ਕਿਰਪਾ ਕਰਕੇ ਸਾਡੇ ਨਾਲ ਜਾਂ 0121 233 1473 ਉੱਤੇ, ਜਾਂ ਇਸ ਈਮੇਲ ਪਤੇ ਉੱਤੇ ਸੰਪਰਕ ਕਰੋ: info@ccrc.gov.uk

ਜੇ ਤੁਸੀਂ ਅਰਜ਼ੀ ਕਾਗ਼ਜ਼ਾਂ ਉੱਤੇ ਭਰ ਕੇ ਭੇਜ ਰਹੇ ਹੋ ਤਾਂ ਸਾਨੂੰ ਭੇਜਣ ਤੋਂ ਪਹਿਲਾਂ ਇਨ੍ਹਾਂ ਉੱਤੇ ਆਪਣੇ ਦਸਖ਼ਤ ਜ਼ਰੂਰ ਕਰੋ।

ਤੁਹਾਡੇ ਵਾਸਤੇ ਕੋਈ ਹੋਰ ਇਨਸਾਨ ਵੀ ਅਰਜ਼ੀ ਭੇਜ ਸਕਦਾ ਹੈ। ਪਰ ਉਸ ਤੋਂ ਬਾਅਦ ਅਸੀਂ ਤੁਹਾਡੇ ਨਾਲ ਸੰਪਰਕ ਕਰਕੇ ਇਹ ਯਕੀਨੀ ਬਣਾਵਾਂਗੇ ਕਿ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਕੇਸ ਉੱਤੇ ਵਿਚਾਰ ਕਰੀਏ।

ਜੇ ਤੁਸੀਂ ਔਨਲਾਈਨ ਫ਼ੌਰਮ ਭਰੋਗੇ ਤਾਂ ਸਾਡੇ ਵਲੋਂ ਤੁਹਾਨੂੰ ਇੱਕ ਈਮੇਲ ਆਵੇਗੀ ਜਿਸ ਵਿੱਚ ਦੱਸਿਆ ਜਾਵੇਗਾ ਕਿ ਸਾਡੇ ਕੋਲ ਤੁਹਾਡੀ ਅਰਜ਼ੀ ਪਹੁੰਚ ਗਈ ਹੈ। ਤੁਹਾਡੇ ਔਨਲਾਈਨ ਫ਼ੌਰਮ ਭਰਨ ਤੋਂ 5 ਕਾਰੋਬਾਰੀ ਦਿਨਾਂ ਦੇ ਅੰਦਰ ਅੰਦਰ ਤੁਹਾਨੂੰ ਇਹ ਈਮੇਲ ਆਵੇਗੀ। ਫੇਰ ਤੁਸੀਂ ਈਮੇਲ ਰਾਹੀਂ ਸਾਨੂੰ ਉਹ ਸਾਰੇ ਦਸਤਾਵੇਜ਼ ਭੇਜ ਸਕਦੇ ਹੋ ਜਿਹੜੇ ਤੁਸੀਂ ਸਮਝੋ ਕਿ ਤੁਹਾਡੇ ਕੇਸ ਵਾਸਤੇ ਸਾਡੀ ਮੱਦਦ ਕਰ ਸਕਦੇ ਹੋਣ।

ਤੁਸੀਂ ਔਨਲਾਈਨ ਅਰਜ਼ੀ ਭਰਦੇ ਹੋਏ ਉਸ ਨੂੰ ਅੱਧ ਵਿੱਚ ਬੰਦ ਕਰਕੇ ਵਾਪਸ ਉੱਥੋਂ ਅੱਗੇ ਨਹੀਂ ਭਰ ਸਕਦੇ, ਇਸ ਲਈ ਤੁਹਾਨੂੰ ਚਾਹੀਦਾ ਹੈ ਕਿ ਪੀ ਡੀ ਐਫ਼ ਬਣਤਰ ਵਾਲੀ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਪੜ੍ਹ ਲਓ ਅਤੇ ਫ਼ੌਰਮ ਨੂੰ ਭਰਨਾ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਕਾਗ਼ਜ਼ ਪੱਤਰ ਇਕੱਠੇ ਕਰ ਲਓ।

ਯਾਦ ਰੱਖੋ, ਕਿ ਸੀ ਸੀ ਆਰ ਸੀ ਵਾਸਤੇ ਤੁਹਾਡਾ ਕੇਸ ਅਪੀਲ ਕੋਰਟ ਵਿੱਚ ਭੇਜਣ ਲਈ ਬਹੁਤ ਵੱਡੇ ਨਵੇਂ ਸਬੂਤਾਂ ਦਾ ਹੋਣਾ, ਜਾਂ ਕਾਨੂੰਨੀ ਬਹਿਸ ਕਰਨ ਲਈ ਵੱਡਾ ਕਾਰਨ ਹੋਣਾ ਚਾਹੀਦਾ ਹੈ। ਇਹ ਅਜਿਹੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ ਜਿਹੜੀਆਂ ਪਹਿਲਾਂ ਅਦਾਲਤ ਅੱਗੇ ਪੇਸ਼ ਨਾ ਕੀਤੀਆਂ ਗਈਆਂ ਹੋਣ।

ਤੁਹਾਡੀ ਅਰਜ਼ੀ ਤੁਹਾਡੇ ਵਾਸਤੇ ਇੱਕ ਹੋਰ ਮੌਕਾ ਹੁੰਦਾ ਹੈ ਕਿ ਤੁਸੀਂ ਸਾਨੂੰ ਦੱਸ ਸਕੋਂ ਕਿ ਤੁਹਾਡੇ ਖ਼ਿਆਲ ਮੁਤਾਬਕ ਤੁਹਾਡੇ ਉੱਤੇ ਦੋਸ਼ ਲਾਉਣ ਅਤੇ/ਜਾਂ ਤੁਹਾਨੂੰ ਸਜ਼ਾ ਦੇਣ ਵਿੱਚ ਕੀ ਕੁੱਝ ਗ਼ਲਤ ਕੀਤਾ ਗਿਆ ਹੈ।

### "ਨਵਾਂ ਖ਼ਾਸ ਸਬੂਤ ਜਾਂ ਬਹਿਸ ਲਈ ਕਾਨੂੰਨੀ ਨੁਕਤਾ" ਕੀ ਹੁੰਦਾ ਹੈ?

ਇਸ ਤੋਂ ਭਾਵ ਉਨ੍ਹਾਂ ਚੀਜ਼ਾਂ ਤੋਂ ਹੁੰਦਾ ਹੈ ਜਿਹੜੀਆਂ ਤੁਹਾਡੇ ਉੱਤੇ ਮੁਕੱਦਮਾ ਚੱਲਣ ਸਮੇਂ ਜਾਂ ਅਪੀਲ ਕਰਨ ਸਮੇਂ ਅਦਾਲਤ ਅੱਗੇ ਪੇਸ਼ ਨਹੀਂ ਕੀਤੀਆਂ ਗਈਆਂ। ਉਦਾਹਰਣ ਵਜੋਂ ਕੋਈ ਨਵੇਂ ਸਬੂਤ ਜਿਹੜੇ ਮੁਕੱਦਮੇ ਦੀ ਸੁਣਵਾਈ ਸਮੇਂ ਸਾਹਮਣੇ ਨਾ ਆਏ ਹੋਣ, ਜਾਂ ਸਾਇੰਸ ਦੇ ਪੱਖੋਂ ਕੋਈ ਨਵੀਂ ਕਾਢ ਪਹਿਲਾਂ ਨਾ ਨਿਕਲੀ ਹੋਵੇ। ਅਸੀਂ ਕਿਸੇ ਹੋਰ ਚੀਜ਼ ਉੱਤੇ ਦੁਬਾਰਾ ਗ਼ੌਰ ਨਹੀਂ ਕਰ ਸਕਦੇ ਜਿਸ ਬਾਰੇ ਜਿਊਰੀ, ਜੱਜ ਜਾਂ ਮੈਜਿਸਟ੍ਰੇਟ ਨੂੰ ਪਹਿਲਾਂ ਹੀ ਪਤਾ ਹੋਵੇ। ਤੁਹਾਡੇ ਮੁਕੱਦਮੇ ਸਮੇਂ ਮੌਜੂਦ ਜਾਣਕਾਰੀ ਨੂੰ ਅਸੀਂ ਮੁੜ ਕੇ ਨਹੀਂ ਵਿਚਾਰ ਸਕਦੇ, ਭਾਵੇਂ ਤੁਹਾਨੂੰ ਇਹ ਮਹਿਸੂਸ ਹੋਵੇ ਕਿ ਉਨ੍ਹਾਂ ਨੇ ਤੁਹਾਡੇ ਕੇਸ ਦਾ ਗ਼ਲਤ ਫ਼ੈਸਲਾ ਕੀਤਾ ਹੈ। ਸਾਡੇ ਵਾਸਤੇ ਅਜਿਹੀ ਨਵੀਂ ਚੀਜ਼ ਦਾ ਪਤਾ ਕਰਨਾ ਬਹੁਤ ਜ਼ਰੂਰੀ ਹੈ ਜਿਸ ਨਾਲ ਤੁਹਾਡਾ ਕੇਸ ਪਹਿਲਾਂ ਨਾਲੋਂ ਬਹੁਤ ਵੱਖਰਾ ਦਿਖਾਈ ਦੇਵੇ। ਜੇ ਕਰ ਤੁਸੀਂ ਸਿਰਫ਼ ਉਹੀ ਗੱਲਾਂ ਦੁਹਰਾ ਰਹੇ ਹੋ ਜਿਹੜੀਆਂ ਤੁਹਾਡੇ ਮੁਕੱਦਮੇ ਜਾਂ ਅਪੀਲ ਵੇਲੇ ਦੱਸੀਆਂ ਗਈਆਂ ਸਨ, ਤਾਂ ਅਸੀਂ ਤੁਹਾਡੀ ਮੱਦਦ ਨਹੀਂ ਕਰ ਸਕਾਂਗੇ।

ਸੀ ਸੀ ਆਰ ਸੀ ਨੂੰ ਲੋੜ ਹੈ ਕਿ ਉਸ ਕੋਲ ਕੋਈ ਅਜਿਹੀ ਨਵੀਂ ਅਤੇ ਮਹੱਤਵਪੂਰਣ ਚੀਜ਼ ਹੋਵੇ ਜਿਹੜੀ ਤੁਹਾਡੇ ਕੇਸ ਬਾਰੇ ਅਪੀਲ ਕੋਰਟ ਨੂੰ ਵੱਖਰੇ ਤਰੀਕੇ ਨਾਲ ਸੋਚਣ ਲਈ ਮਜਬੂਰ ਕਰੇ। ਤੁਹਾਡੇ ਵਾਸਤੇ ਜ਼ਰੂਰੀ ਹੈ ਕਿ ਤੁਸੀਂ ਆਪਣੀ ਅਰਜ਼ੀ ਵਿੱਚ ਉਹ ਸਾਰੀਆਂ ਗੱਲਾਂ ਲਿਖੋਂ ਜਿਹੜੀਆਂ ਤੁਸੀਂ ਸਮਝਦੇ ਹੋ ਕਿ ਨਵੀਆਂ ਹਨ ਅਤੇ ਜਿਹੜੀਆਂ ਤੁਹਾਡੇ ਕੇਸ ਵਿੱਚ ਫ਼ਰਕ ਪਾ ਸਕਦੀਆਂ ਹਨ।

### ਤੁਸੀਂ ਮੇਰੇ ਅਰਜ਼ੀ ਫ਼ੌਰਮ ਦਾ ਕੀ ਕਰੋਗੇ?

ਜਦੋਂ ਸਾਨੂੰ ਤੁਹਾਡੀ ਅਰਜ਼ੀ ਮਿਲੀ ਤਾਂ ਤੁਹਾਨੂੰ ਅਸੀਂ ਲਿਖਤੀ ਦੱਸਾਂਗੇ ਕਿ ਅੱਗੇ ਕੀ ਕੀਤਾ ਜਾਵੇਗਾ। ਉਸ ਤੋਂ ਬਾਅਦ ਅਸੀਂ ਉਹ ਸਾਰੇ ਕਾਗ਼ਜ਼ ਇਕੱਠੇ ਕਰਾਂਗੇ ਜਿਹੜੇ ਸਾਨੂੰ ਤੁਹਾਡੇ ਕੇਸ ਬਾਰੇ ਚਾਹੀਦੇ ਹੋਣ, ਜਿਵੇਂ ਕਿ ਉਸ ਕੋਰਟ ਦੀਆਂ ਫ਼ਾਈਲਾਂ ਜਿੱਥੇ ਤੁਹਾਡਾ ਕੇਸ ਚੱਲਿਆ ਸੀ ਜਾਂ ਜਿੱਥੇ ਅਪੀਲ ਕੀਤੀ ਗਈ ਸੀ। ਇਹ ਫ਼ੈਸਲਾ ਕਰਨ ਤੋਂ ਪਹਿਲਾਂ ਕਿ ਅਸੀਂ ਤੁਹਾਡੇ ਕੇਸ ਦੀ ਛਾਣਬੀਣ ਕਰ ਸਕਦੇ ਹਾਂ ਜਾਂ ਨਹੀਂ, ਸਾਨੂੰ ਹੋਰ ਦਸਤਾਵੇਜ਼ਾਂ ਦੀ ਵੀ ਲੋੜ ਹੋ ਸਕਦੀ ਹੈ। ਜੇਕਰ ਅਸੀਂ ਇਹ ਫ਼ੈਸਲਾ ਕਰੀਏ ਕਿ ਸਾਨੂੰ ਤੁਹਾਡਾ ਕੇਸ ਦੇਖਣਾ ਚਾਹੀਦਾ ਹੈ, ਤਾਂ ਅਸੀਂ ਤੁਹਾਨੂੰ ਲਿਖ ਕੇ ਦੱਸਾਂਗੇ। ਪਰ ਅਸੀਂ ਇਹ ਵੀ ਫ਼ੈਸਲਾ ਕਰ ਸਕਦੇ ਹਾਂ ਕਿ ਅਸੀਂ ਤੁਹਾਡਾ ਕੇਸ ਨਹੀਂ ਦੇਖ ਸਕਦੇ, ਉਦਾਹਰਣ ਵਜੋਂ:

ਜੇ ਤੁਹਾਡੀ ਪਹਿਲੀ ਅਪੀਲ ਹਾਲੇ ਪੈਂਡਿੰਗ ਹੋਵੇ।

ਜੇ ਤੁਸੀਂ ਪਹਿਲਾਂ ਆਮ ਤਰੀਕੇ ਰਾਹੀਂ ਅਪੀਲ ਕਰਨ ਦੀ ਕੋਸ਼ਿਸ਼ ਨਾ ਕੀਤੀ ਹੋਵੇ ਅਤੇ ਸਾਡੇ ਕੋਲ ਕੋਈ ਖ਼ਾਸ ਕਾਰਨ ਨਾ ਹੋਣ ਕਿ ਅਸੀਂ ਤੁਹਾਡੇ ਕੇਸ ਉੱਤੇ ਗ਼ੌਰ ਕਰੀਏ। (ਉੱਪਰ ਦੇਖੋ, 'ਜੇਕਰ ਮੈਂ ਪਹਿਲਾਂ ਅਪੀਲ ਨਾ ਕੀਤੀ ਹੋਵੇ ਤਾਂ ਕੀ ਹੋਵੇਗਾ?')

ਜੇ ਤੁਹਾਡੀ ਅਰਜ਼ੀ ਵਿੱਚ ਕੋਈ ਖ਼ਾਸ ਨਵੇਂ ਨੁਕਤੇ ਨਾ ਉਠਾਏ ਗਏ ਹੋਣ ਜਿਨ੍ਹਾਂ ਕਰਕੇ ਸਾਨੂੰ ਲੱਗੇ ਕਿ ਤੁਹਾਡਾ ਕੇਸ ਅਪੀਲ ਵਾਸਤੇ ਭੇਜਿਆ ਜਾਵੇ।

ਜੇ ਅਸੀਂ ਫ਼ੈਸਲਾ ਕਰੀਏ ਕਿ ਤੁਹਾਡੇ ਕੇਸ ਉੱਤੇ ਅਜਿਹੀ ਸ਼ਰਤ ਲਾਗੂ ਹੁੰਦੀ ਹੈ ਤਾਂ ਅਸੀਂ ਤੁਹਾਨੂੰ ਆਪਣੇ ਫ਼ੈਸਲੇ ਬਾਰੇ ਲਿਖ ਕੇ ਸਮਝਾਵਾਂਗੇ।

### ਤੁਸੀਂ ਮੇਰੇ ਬਾਰੇ ਜਾਣਕਾਰੀ ਦਾ ਕੀ ਕਰੋਗੇ?

ਜੇ ਤੁਸੀਂ ਸੀ ਸੀ ਆਰ ਸੀ ਪਾਸ ਆਪਣੀ ਅਰਜ਼ੀ ਭੇਜਦੇ ਹੋ ਤਾਂ ਅਸੀਂ ਤੁਹਾਡੇ ਬਾਰੇ ਸਾਰੀ ਜਾਣਕਾਰੀ ਨੂੰ ਤੁਹਾਡੇ ਕੇਸ ਨੂੰ ਸਮਝਣ ਲਈ ਵਰਤਾਂਗੇ। ਅਸੀਂ ਇਸ ਨੂੰ ਵਰਤ ਕੇ ਦੂਸਰੀਆਂ ਸੰਸਥਾਵਾਂ ਦੇ ਦਸਤਾਵੇਜ਼ ਲੈਣ ਦੀ ਕੋਸ਼ਿਸ਼ ਕਰਾਂਗੇ। ਇਨ੍ਹਾਂ ਵਿੱਚ ਤੁਹਾਡੇ ਬਾਰੇ ਜਾਣਕਾਰੀ, ਜਾਂ ਕਿਸੇ ਹੋਰ ਇਨਸਾਨ ਬਾਰੇ, ਜਾਂ ਕਿਸੇ ਚੀਜ਼ ਬਾਰੇ ਜਾਣਕਾਰੀ ਹੋ ਸਕਦੀ ਹੈ ਜਿਹੜੀ ਸਾਨੂੰ ਲੱਗੇ ਕਿ ਇਸ ਦਾ ਤੁਹਾਡੇ ਕੇਸ ਉੱਤੇ ਕੋਈ ਅਸਰ ਪੈ ਸਕਦਾ ਹੈ।

ਭਾਵੇਂ ਕੋਈ ਸੰਸਥਾ ਜਾਂ ਕੋਈ ਇਨਸਾਨ ਸਾਨੂੰ ਜਾਣਕਾਰੀ ਨਾ ਵੀ ਦੇਣਾ ਚਾਹੁੰਦਾ ਹੋਵੇ, ਪਰ ਅਸੀਂ ਫੇਰ ਵੀ ਕਿਸੇ ਵੀ ਕਿਸਮ ਦੇ ਦਸਤਾਵੇਜ਼ ਲੈ ਸਕਦੇ ਹਾਂ। ਜਦੋਂ ਅਸੀਂ ਕੇਸ ਨੂੰ ਦੇਖਣਾ ਸ਼ੁਰੂ ਕਰ ਦਿੰਦੇ ਹਾਂ, ਤਾਂ ਅਸੀਂ ਫ਼ੈਸਲਾ ਕਰਾਂਗੇ ਕਿ ਸਾਨੂੰ ਕਿਹੜੇ

ਕਿਹੜੇ ਸਬੂਤ ਚਾਹੀਦੇ ਹਨ। ਅਸੀਂ ਆਪਣੇ ਪਾਸ ਰੱਖੀ ਜਾਣਕਾਰੀ ਦੀ ਬਹੁਤ ਸੰਭਾਲ ਕਰਦੇ ਹਾਂ। ਸਾਡਾ ਨਿਸ਼ਾਨਾ ਸਿਰਫ਼ ਉਹੀ ਜਾਣਕਾਰੀ ਲੈਣ ਦਾ ਹੁੰਦਾ ਹੈ ਜਿਸ ਦੀ ਸਾਨੂੰ ਲੋੜ ਹੋਵੇ। ਅਸੀਂ ਉਸ ਜਾਣਕਾਰੀ ਨੂੰ ਉਦੋਂ ਤੱਕ ਹੀ ਆਪਣੇ ਕੋਲ ਰੱਖਣ ਦੀ ਕੋਸ਼ਿਸ਼ ਕਰਦੇ ਹਾਂ ਜਦੋਂ ਤੱਕ ਸਾਨੂੰ ਇਸ ਦੀ ਲੋੜ ਹੋਵੇ। ਅਸੀਂ ਇਸ ਗੱਲ ਦਾ ਬਹੁਤ ਖ਼ਿਆਲ ਰੱਖਦੇ ਹਾਂ ਕਿ ਕੇਸਾਂ ਬਾਰੇ ਜਾਣਕਾਰੀ ਕਿਸੇ ਹੋਰ ਨੂੰ ਅਸੀਂ ਕਦੋਂ ਅਤੇ ਕਿਵੇਂ ਦੇਣੀ ਹੈ। ਅਸੀਂ ਇਹ ਜਾਣਕਾਰੀ ਤਾਂ ਹੀ ਕਿਸੇ ਨਾਲ ਸਾਂਝੀ ਕਰਦੇ ਹਾਂ ਜਦੋਂ ਸਾਨੂੰ ਕਰਿਮੀਨਲ ਅਪੀਲ ਐਕਟ 1995 ਅਤੇ ਡੇਟਾ ਪ੍ਰੋਟੈਕਸ਼ਨ ਐਕਟ 2018 ਆਗਿਆ ਦੇਵੇ। ਜਦੋਂ ਅਸੀਂ ਕੋਈ ਕੇਸ ਅਪੀਲ ਵਾਸਤੇ ਭੇਜਦੇ ਹਾਂ, ਤਾਂ ਅਸੀਂ ਆਮ ਕਰਕੇ ਅਪੀਲ ਦੀ ਸਾਰੀ ਜਾਣਕਾਰੀ ਅਰਜ਼ੀ ਦੇਣ ਵਾਲੇ ਨਾਲ, ਅਪੀਲ ਕੋਰਟ ਨਾਲ ਅਤੇ ਇਸਤਗਾਸਾ ਧਿਰ ਨਾਲ ਸਾਂਝੀ ਕਰਦੇ ਹਾਂ। ਜਦੋਂ ਅਸੀਂ ਕੇਸ ਅੱਗੇ ਭੇਜਦੇ ਹਾਂ ਤਾਂ ਅਸੀਂ ਆਮ ਤੌਰ ’ਤੇ ਉਸ ਕੇਸ ਨਾਲ ਸੰਬੰਧਤ ਕਿਸੇ ਵੀ ਪੀੜਤ ਇਨਸਾਨ ਨੂੰ ਵੀ ਇਸ ਦੀ ਜਾਣਕਾਰੀ ਦਿੰਦੇ ਹਾਂ।

ਅਸੀਂ ਆਮ ਤੌਰ ’ਤੇ ਉਸ ਕੇਸ ਬਾਰੇ ਛੋਟਾ ਜਿਹਾ ਪ੍ਰੈਸ ਨੋਟ ਵੀ ਜਾਰੀ ਕਰਦੇ ਹਾਂ ਜਿਸ ਵਿੱਚ ਕੇਸ ਅਤੇ ਉਸ ਦੇ ਅਪੀਲ ਲਈ ਭੇਜੇ ਜਾਣ ਦੇ ਮੁੱਢਲੇ ਕਾਰਨ ਵੀ ਦੱਸੇ ਜਾਂਦੇ ਹਨ। ਅਸੀਂ ਅਰਜ਼ੀਕਾਰ ਦੇ ਨਾਲ ਸੰਪਰਕ ਕਰਨ ਦਾ ਵੇਰਵਾ ਇੱਕ ਚੈਰਿਟੀ, ਮਿਸਕੈਰਿਜ ਔਫ਼ ਜਸਟਿਸ ਸੁਪੋਰਟ ਸਰਵਿਸ ਨਾਲ ਵੀ ਸਾਂਝਾ ਕਰਦੇ ਹਾਂ, ਜਿਹੜੀ ਗ਼ਲਤ ਢੰਗ ਨਾਲ ਦੋਸ਼ੀ ਕਰਾਰ ਦਿੱਤੇ ਲੋਕਾਂ ਦੀ ਮੱਦਦ ਕਰ ਸਕਦੀ ਹੈ।

### ਮੇਰੇ ਕੇਸ ਬਾਰੇ ਕੌਣ ਫ਼ੈਸਲਾ ਕਰੇਗਾ?

ਸਾਡੇ ਕਮਿਸ਼ਨਰ ਇਹ ਫ਼ੈਸਲਾ ਕਰਦੇ ਹਨ ਕਿ ਤੁਹਾਡਾ ਕੇਸ ਅਪੀਲ ਕੋਰਟ ਨੂੰ ਭੇਜਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਸਾਡੇ ਕਮਿਸ਼ਨਰਾਂ ਕੋਲ ਵੱਖੋ ਵੱਖਰੀਆਂ ਮੁਹਾਰਤਾਂ ਹੁੰਦੀਆਂ ਹਨ। ਬਹੁਤੇ ਕਮਿਸ਼ਨਰ ਕਾਨੂੰਨੀ ਮਾਹਰ ਹੁੰਦੇ ਹਨ। ਉਨ੍ਹਾਂ ਸਾਰਿਆਂ ਦੀ ਚੋਣ ਉਨ੍ਹਾਂ ਦੇ ਤਜਰਬੇ ਦੇ ਆਧਾਰ ’ਤੇ ਕੀਤੀ ਜਾਂਦੀ ਹੈ। ਉਨ੍ਹਾਂ ਸਭਨਾਂ ਵਿੱਚ ਗੁੰਝਲਦਾਰ ਮਸਲਿਆਂ ਬਾਰੇ ਮਹੱਤਵਪੂਰਣ ਫ਼ੈਸਲੇ ਕਰਨ ਦੀ, ਸਬੂਤਾਂ ’ਤੇ ਆਧਾਰਤ ਯੋਗਤਾ ਹੁੰਦੀ ਹੈ। ਸਾਰੇ ਕਮਿਸ਼ਨਰ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਰਾਣੀ ਵਲੋਂ ਨਿਯੁਕਤ ਕੀਤੇ ਜਾਂਦੇ ਹਨ।

### ਮੇਰੇ ਕੇਸ ਨੂੰ ਕਿੰਨੀ ਦੇਰ ਲੱਗੇਗੀ?

ਇੱਕ ਸਿੱਧੇ ਸਾਦੇ ਕੇਸ ਨੂੰ ਸਿਰਫ਼ ਕੁੱਝ ਹਫ਼ਤੇ ਲੱਗ ਸਕਦੇ ਹਨ। ਪਰ ਗੁੰਝਲਦਾਰ ਕੇਸਾਂ ਨੂੰ ਕਈ ਮਹੀਨੇ ਵੀ ਲੱਗ ਸਕਦੇ ਹਨ।

### ਮੈਨੂੰ ਲੀਗਲ ਏਡ ਮਿਲ ਸਕਦੀ ਹੈ?

ਤੁਹਾਡੇ ਕੇਸ ਬਾਰੇ ਲੀਗਲ ਏਡ ਸਕੀਮ ਅਧੀਨ ਫ਼ੰਡ ਲੈਣ ਲਈ ਇੱਕ ਸੁਲਿਸਿਟਰ ਤੁਹਾਡੀ ਮੱਦਦ ਕਰ ਸਕਦਾ ਹੈ। ਤੁਸੀਂ ਸਿਵਿਲ ਲੀਗਲ ਅਡਵਾਈਸ ਸੰਸਥਾ ਪਾਸੋਂ 0845 345 4345 ਉੱਤੇ ਫ਼ੋਨ ਕਰਕੇ ਕਿਸੇ ਵਕੀਲ ਨੂੰ ਲੱਭਣ ਬਾਰੇ ਮੱਦਦ ਲੈ ਸਕਦੇ ਹੋ।

### ਮੇਰੇ ਕੇਸ ਬਾਰੇ ਸੀ ਸੀ ਆਰ ਸੀ ਮੇਰੇ ਨਾਲ ਗੱਲਬਾਤ ਕਿਵੇਂ ਕਰੇਗਾ?

ਬਹੁਤੀ ਵਾਰੀ ਅਸੀਂ ਤੁਹਾਨੂੰ ਜਾਂ ਤੁਹਾਡੇ ਪ੍ਰਤੀਨਿੱਧ ਨੂੰ ਚਿੱਠੀਆਂ ਲਿਖਦੇ ਹਾਂ। ਜੇ ਤੁਸੀਂ ਸਾਨੂੰ ਆਪਣਾ ਈਮੇਲ ਪਤਾ ਦਿੱਤਾ ਹੋਵੇ ਤਾਂ ਅਸੀਂ ਡਾਕ ਦੀ ਬਜਾਏ ਉਸ ਦੀ ਵਰਤੋਂ ਕਰਾਂਗੇ। ਜਦੋਂ ਤੁਹਾਡੀ ਅਰਜ਼ੀ ਸਾਡੇ ਪਾਸ ਆ ਜਾਂਦੀ ਹੈ ਤਾਂ ਅਸੀਂ ਹਮੇਸ਼ਾ ਤੁਹਾਨੂੰ ਇਸ ਦੀ ਸੂਚਨਾ ਦਿੰਦੇ ਹਾਂ। ਤੁਹਾਡੇ ਕੇਸ ਬਾਰੇ ਜਿੰਨੀ ਵੀ ਗੱਲਬਾਤ ਅੱਗੇ ਵਧੇ, ਅਸੀਂ ਤੁਹਾਨੂੰ ਦੱਸਦੇ ਰਹਿੰਦੇ ਹਾਂ। ਸਾਡੇ ਵਾਸਤੇ ਬਹੁਤ ਜ਼ਰੂਰੀ ਹੈ ਕਿ ਸਾਡੇ ਕੋਲ ਤੁਹਾਡਾ ਸਹੀ ਸਿਰਨਾਮਾ ਹੋਵੇ।

ਜੇ ਤੁਹਾਡਾ ਸਿਰਨਾਮਾ ਜਾਂ ਤੁਹਾਡੀ ਜੇਲ੍ਹ ਬਦਲ ਜਾਵੇ ਤਾਂ ਸਾਨੂੰ ਇਸ ਬਾਰੇ ਦੱਸਣਾ ਨਾ ਭੁੱਲੋ। ਕਿਸੇ ਜੇਲ੍ਹ ਵਿੱਚੋਂ ਸੀ ਸੀ ਆਰ ਸੀ ਨਾਲ ਸੰਪਰਕ ਕਰਨ ਦੇ ਵੀ ਕੁੱਝ ਰੂਲ ਬਣੇ ਹੋਏ ਹਨ। ਇਹ ਰੂਲ ਪਰਿਜ਼ਨ ਸਰਵਿਸ ਔਰਡਰ 4400 ਵਿੱਚ ਦਰਜ ਹਨ। ਜੇ ਤੁਹਾਨੂੰ ਲਿਖਣ ਜਾਂ ਪੜ੍ਹਨ ਵਿੱਚ ਕੋਈ ਮੁਸ਼ਕਲ ਆਉਂਦੀ ਹੈ, ਤਾਂ ਤੁਹਾਡੇ ਨਾਲ ਰਾਬਤਾ ਕਾਇਮ ਕਰਨ ਦਾ ਅਸੀਂ ਕੋਈ ਹੋਰ ਢੁਕਵਾਂ ਰਸਤਾ ਲੱਭਾਂਗੇ। ਜਿੱਥੇ ਲੋੜ ਪਵੇ ਅਸੀਂ ਤੁਹਾਡੇ ਵਾਸਤੇ ਦਸਤਾਵੇਜ਼ ਦੂਸਰੀਆਂ ਬੋਲੀਆਂ ਵਿੱਚ ਤਰਜਮਾ ਕਰਾ ਕੇ ਵੀ ਦੇ ਸਕਦੇ ਹਾਂ।

### ਮੈਂ ਸੀ ਸੀ ਆਰ ਸੀ ਨਾਲ ਕਿਵੇਂ ਸੰਪਰਕ ਕਰ ਸਕਦਾ/ਦੀ ਹਾਂ?

ਤੁਸੀਂ ਸੀ ਸੀ ਆਰ ਸੀ ਨੂੰ ਫ਼ੋਨ ਕਰ ਸਕਦੇ ਹੋ, ਪਰ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਚਿੱਠੀ ਲਿਖੀ ਜਾਵੇ। ਸਾਨੂੰ ਹਰ ਚੀਜ਼ ਦਾ ਸਪੱਸ਼ਟ ਰਿਕਾਰਡ ਰੱਖਣ ਦੀ ਲੋੜ ਹੈ, ਤਾਂਕਿ ਜਦੋਂ ਅਸੀਂ ਤੁਹਾਡੇ ਕੇਸ ਉੱਤੇ ਵਿਚਾਰ ਕਰੀਏ ਤਾਂ ਅਸੀਂ ਉਸ ਨੂੰ ਦੇਖ ਸਕੀਏ। ਸੀ ਸੀ ਆਰ ਸੀ ਨਾਲ ਸੰਪਰਕ ਕਰਨ ਦਾ ਸਾਰਾ ਵੇਰਵਾ ਇਸ ਦਸਤਾਵੇਜ਼ ਦੇ ਅਖ਼ੀਰ ਉੱਤੇ ਦਿੱਤਾ ਗਿਆ ਹੈ।

## ਕੀ ਤੁਸੀਂ ਮੈਨੂੰ ਮਿਲਣ ਆਓਗੇ?

ਬਹੁਤੇ ਕੇਸਾਂ ਵਿੱਚ ਅਸੀਂ ਸਾਰੀ ਜਾਣਕਾਰੀ ਫ਼ੋਨ ਰਾਹੀਂ ਜਾਂ ਲਿਖਤੀ ਰੂਪ ਵਿੱਚ ਲੈ ਸਕਦੇ ਹਾਂ। ਜੇ ਸਾਨੂੰ ਮਹਿਸੂਸ ਹੋਵੇ ਕਿ ਸਾਨੂੰ ਤੁਹਾਡੇ ਨਾਲ ਆਹਮੋ ਸਾਹਮਣੇ ਗੱਲ ਕਰਨ ਦੀ ਲੋੜ ਹੈ, ਤਾਂ ਅਸੀਂ ਵਿਡਿਓ ਕਾਨਫ਼ਰੰਸ ਦਾ ਪ੍ਰਬੰਧ ਕਰ ਸਕਦੇ ਹਾਂ, ਜਾਂ ਆਕੇ ਮਿਲ ਸਕਦੇ ਹਾਂ।

## ਜੇ ਕਰ ਸੀ ਸੀ ਆਰ ਸੀ ਮੇਰਾ ਕੇਸ ਅਪੀਲ ਲਈ ਨਾ ਭੇਜਣ ਦਾ ਫ਼ੈਸਲਾ ਕਰੇ, ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ ਲੱਗੇ ਕਿ ਸੀ ਸੀ ਆਰ ਸੀ ਨੇ ਤੁਹਾਡੇ ਨਾਲ ਨਿਰਪੱਖ ਤਰੀਕੇ ਨਾਲ ਵਰਤਾਓ ਨਹੀਂ ਕੀਤਾ ਤਾਂ ਤੁਸੀਂ ਇਸ ਬਾਰੇ ਰਸਮੀ ਸ਼ਿਕਾਇਤ ਕਰ ਸਕਦੇ ਹੋ। ਸਾਡੇ ਵਲੋਂ ਤੁਹਾਡਾ ਕੇਸ ਬੰਦ ਕਰਨ ਤੋਂ ਬਾਅਦ ਤਿੰਨ ਮਹੀਨਿਆਂ ਦੇ ਅੰਦਰ ਤੁਸੀਂ ਸ਼ਿਕਾਇਤ ਕਰ ਸਕਦੇ ਹੋ। ਅਸੀਂ ਦੇਖਾਂਗੇ ਕਿ ਸੀ ਸੀ ਆਰ ਸੀ ਨੇ ਤੁਹਾਡੇ ਨਾਲ ਕਿਸ ਤਰ੍ਹਾਂ ਦਾ ਵਰਤਾਓ ਕੀਤਾ ਹੈ। ਇਸ ਰਸਮੀ ਸ਼ਿਕਾਇਤ ਦੇ ਤਰੀਕੇ ਅਧੀਨ ਅਸੀਂ ਤੁਹਾਡਾ ਸਾਰਾ ਕੇਸ ਮੁੜ ਕੇ ਰਿਵਿਊ ਨਹੀਂ ਕਰ ਸਕਦੇ।

ਜੇਕਰ ਤੁਹਾਨੂੰ ਲੱਗੇ ਕਿ ਸਾਡੇ ਫ਼ੈਸਲਾ ਕਰਨ ਦੇ ਤਰੀਕੇ ਵਿੱਚ ਕੋਈ ਗ਼ਲਤੀ ਹੋਈ ਹੈ, ਤਾਂ ਤੁਸੀਂ ਐਡਮਨਿਟਿਰੇਟਿਵ ਕੋਰਟ ਵਿੱਚ ਆਪਣੇ ਕੇਸ ਦੇ ਜੁਡੀਸ਼ੀਅਲ ਰਿਵਿਊ ਵਾਸਤੇ ਅਰਜ਼ੀ ਦੇ ਸਕਦੇ ਹੋ। ਅਜਿਹਾ ਕਰਨ ਤੋਂ ਪਹਿਲਾਂ ਤੁਹਾਨੂੰ ਸਾਡੇ ਕੋਲ ਸ਼ਿਕਾਇਤ ਕਰਨ ਦੀ ਲੋੜ ਨਹੀਂ ਹੈ। ਤੁਹਾਨੂੰ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਜੁਡੀਸ਼ੀਅਲ ਰਿਵਿਊ ਕਾਰਵਾਈ ਦੇ ਉੱਤੇ ਵੀ ਸਮੇਂ ਦੀ ਪਾਬੰਦੀ ਲਾਗੂ ਹੁੰਦੀ ਹੈ। ਇਹ ਕੰਮ ਕਰਨ ਲਈ ਤੁਹਾਨੂੰ ਆਜ਼ਾਦ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਤੁਸੀਂ ਸੀ ਸੀ ਆਰ ਸੀ ਪਾਸ ਦੁਬਾਰਾ ਅਰਜ਼ੀ ਵੀ ਭੇਜ ਸਕਦੇ ਹੋ। ਜੇ ਤੁਹਾਡੇ ਕੋਲ ਕੋਈ ਖ਼ਾਸ ਨਵੀਂ ਜਾਣਕਾਰੀ ਜਾਂ ਸਬੂਤ ਆਉਣ, ਜਿਹੜੇ ਪਹਿਲਾਂ ਅਪੀਲ ਦੌਰਾਨ ਜਾਂ ਸੀ ਸੀ ਆਰ ਸੀ ਨੂੰ ਭੇਜੀ ਗਈ ਪਹਿਲੀ ਅਰਜ਼ੀ ਵੇਲੇ ਮੌਜੂਦ ਨਹੀਂ ਸਨ, ਤਾਂ ਤੁਸੀਂ ਸਾਨੂੰ ਫੇਰ ਨਵੀਂ ਅਰਜ਼ੀ ਭੇਜ ਸਕਦੇ ਹੋ। ਤੁਹਾਡੇ ਵਾਸਤੇ ਸਾਨੂੰ ਇਹ ਦੱਸਣ ਲਈ ਕਿ ਕੀ ਨਵਾਂ ਹੈ, ਤੁਹਾਨੂੰ ਨਵਾਂ ਅਰਜ਼ੀ ਫ਼ੌਰਮ ਭਰਨਾ ਪਵੇਗਾ। ਤੁਹਾਨੂੰ ਇਹ ਵੀ ਦੱਸਣਾ ਪਵੇਗਾ ਕਿ ਤੁਹਾਡੀ ਪਹਿਲੀ ਅਰਜ਼ੀ ਵਿੱਚ ਇਹ ਕਿਉਂ ਸ਼ਾਮਲ ਨਹੀਂ ਸੀ ਕੀਤਾ ਗਿਆ।

## ਜੇਕਰ ਸੀ ਸੀ ਆਰ ਸੀ ਮੇਰਾ ਕੇਸ ਰਿਵਿਊ ਕਰਦਾ ਹੈ, ਤਾਂ ਕੀ ਮੇਰੇ ਦੇਸ ਨਿਕਾਲੇ ਉੱਤੇ ਰੋਕ ਲੱਗ ਜਾਵੇਗੀ?

ਸੀ ਸੀ ਆਰ ਸੀ ਨੂੰ ਅਰਜ਼ੀ ਭੇਜਣ ਨਾਲ ਤੁਹਾਨੂੰ ਦੇਸ ਨਿਕਾਲੇ ਉੱਤੇ ਰੋਕ ਲੱਗਣ ਦਾ ਆਪਣੇ ਆਪ ਕੋਈ ਹੱਕ ਨਹੀਂ ਮਿਲ ਜਾਂਦਾ। ਜੇ ਅਸੀਂ ਤੁਹਾਡਾ ਕੇਸ ਅਪੀਲ ਵਾਸਤੇ ਭੇਜਦੇ ਹਾਂ, ਤਾਂ ਜਦੋਂ ਤੱਕ ਉਸ ਉੱਤੇ ਫ਼ੈਸਲਾ ਨਹੀਂ ਹੁੰਦਾ, ਉਦੋਂ ਤੱਕ ਸ਼ਾਇਦ ਤੁਹਾਡੇ ਦੇਸ ਨਿਕਾਲੇ ਉੱਤੇ ਆਰਜ਼ੀ ਰੋਕ ਲਾ ਦਿੱਤੀ ਜਾਵੇ। ਜੇ ਸੀ ਸੀ ਆਰ ਸੀ ਨੂੰ ਤੁਹਾਡੀ ਅਰਜ਼ੀ ਆਉਣ ਤੋਂ ਬਾਅਦ ਵੀ ਤੁਹਾਨੂੰ ਦੇਸ ਨਿਕਾਲਾ ਦੇ ਦਿੱਤਾ ਜਾਂਦਾ ਹੈ ਤਾਂ ਫੇਰ ਵੀ ਅਸੀਂ ਤੁਹਾਡੇ ਕੇਸ ਉੱਤੇ ਵਿਚਾਰ ਕਰ ਸਕਦੇ ਹਾਂ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਸਾਨੂੰ ਆਪਣਾ ਨਵਾਂ ਸਿਰਨਾਮਾ ਜਾਂ ਈਮੇਲ ਐਡਰੈਸ ਦਿਓ।

## ਜੇਕਰ ਮੈਂ ਸੀ ਸੀ ਆਰ ਸੀ ਪਾਸ ਆਪਣੀ ਅਰਜ਼ੀ ਭੇਜਾਂ, ਤਾਂ ਕੀ ਮੇਰੀ ਸਜ਼ਾ ਹੋਰ ਵਧ ਸਕਦੀ ਹੈ?

ਜੇਕਰ ਤੁਸੀਂ ਸੀ ਸੀ ਆਰ ਸੀ ਨੂੰ ਆਪਣਾ ਕੇਸ ਭੇਜਦੇ ਹੋ, ਤਾਂ ਤੁਹਾਡੀ ਜੇਲ੍ਹ ਦੀ ਸਜ਼ਾ ਨਹੀਂ ਵਧ ਸਕਦੀ। ਜੇ ਅਸੀਂ ਤੁਹਾਡਾ ਕੇਸ ਅਪੀਲ ਲਈ ਭੇਜ ਦੇਈਏ ਤਾਂ ਵੀ ਤੁਹਾਨੂੰ ਦਿੱਤੀ ਗਈ ਸਜ਼ਾ ਵਧਾਈ ਨਹੀਂ ਜਾ ਸਕਦੀ।

## ਸੀ ਸੀ ਆਰ ਸੀ ਕਿਵੇਂ ਕੰਮ ਕਰਦਾ ਹੈ, ਜਾਂ ਇਸ ਬਾਰੇ ਹੋਰ ਜਾਣਕਾਰੀ ਮੈਨੂੰ ਕਿੱਥੋਂ ਮਿਲ ਸਕਦੀ ਹੈ?

ਸਾਡੀ ਵੈੱਬਸਾਈਟ ਉੱਤੇ ਸੀ ਸੀ ਆਰ ਸੀ ਬਾਰੇ ਬਹੁਤ ਸਾਰੇ ਦਸਤਾਵੇਜ਼ਾਂ ਵਿੱਚ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਨੂੰ 'ਰਸਮੀ ਨੀਤੀਆਂ' ਕਿਹਾ ਜਾਂਦਾ ਹੈ। ਤੁਸੀਂ ਇਸ ਵੈੱਬਸਾਈਟ ਉੱਤੇ ਜਾ ਕੇ ਇਨ੍ਹਾਂ ਨੂੰ ਡਾਊਨਲੋਡ ਕਰ ਸਕਦੇ ਹੋ: www.ccrc.gov.uk. ਤੁਸੀਂ ਇਹ ਦਸਤਾਵੇਜ਼ ਚਿੱਠੀ ਲਿਖ ਕੇ ਵੀ ਸਾਡੇ ਕੋਲੋਂ ਮੰਗਵਾ ਸਕਦੇ ਹੋ।